ਜਗਤ ਗੁਰੂ ਨਾਨਕ ਦੇਵ

# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

(Established by Act No.19 of 2019 of Legislature of the State of Punjab)

Ref.No/ PSOU/ COE/.489 Dated: 28./11./2025

ਸਮੂਹ ਪ੍ਰਿੰਸੀਪਲ ਸਾਹਿਬਾਨ (LSC)
/ਯੂਨੀਵਰਸਿਟੀ ਸਕੂਲ ਕੋਆਰਡੀਨੇਟਰ
ਪੰਜਾਬ।

**ਵਿਸ਼ਾ:- ਪ੍ਰੈਕਟੀਕਲ ਪ੍ਰੀਖਿਆਵਾਂ (ਦਸੰਬਰ-2025) ਅਤੇ Award Lists (Internal/External) ਸਬੰਧੀ ਹਦਾਇਤਾਂ।**

ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਪ੍ਰੀਖਿਆ ਕੇਂਦਰਾਂ/ਕਾਲਜਾਂ ਵਲੋਂ ਵਿਦਿਆਰਥੀਆਂ ਦੀ ਲਿਖਤੀ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਉੱਤਰ-ਕਾਪੀਆਂ ਵਰਤੀਆਂ ਜਾ ਸਕਦੀਆਂ ਹਨ। ਇਨ੍ਹਾਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਯੂਨੀਵਰਸਿਟੀ ਵਲੋਂ ਕੋਈ ਵੀ ਉੱਤਰ-ਕਾਪੀਆਂ ਨਹੀਂ ਭੇਜੀਆਂ ਜਾਣਗੀਆਂ।
2. ਪ੍ਰੈਕਟੀਕਲ ਪ੍ਰੀਖਿਆਵਾਂ ਯੂਨੀਵਰਸਿਟੀ ਵਲੋਂ ਨਿਰਧਾਰਤ ਕੀਤੇ ਪ੍ਰੀਖਿਆ ਕੇਂਦਰਾਂ (Theory ਅਤੇ Practical ਪ੍ਰੀਖਿਆਵਾਂ ਲਈ) ਵਲੋਂ ਜਾਰੀ ਕੀਤੀ ਗਈ Practical Date Sheet ਮੁਤਾਬਕ **ਮਿਤੀ 02.12.2025 ਤੋਂ ਮਿਤੀ 10.12.2025** ਤੱਕ ਕੰਡਕਟ ਕੀਤੀਆਂ ਜਾਣਗੀਆਂ। ਪ੍ਰੈਕਟੀਕਲ ਪ੍ਰੀਖਿਆਵਾਂ ਦਾ ਮੁਲਾਂਕਣ ਸਬੰਧਤ LSC/Faculty ਵਲੋਂ ਪ੍ਰੀਖਿਆ ਕੇਂਦਰਾਂ ਵਿੱਚ ਹੀ ਕੀਤਾ ਜਾਵੇਗਾ। ਕਾਲਜਾਂ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਵਿਸ਼ੇ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਅਤੇ ਪ੍ਰੈਕਟੀਕਲ ਸੰਬੰਧੀ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਪ੍ਰੀਖਿਆ ਕੇਂਦਰਾਂ/ਯੂਨੀਵਰਸਿਟੀ ਸਕੂਲ ਦੇ ਸਬੰਧਤ ਕੋਆਰਡੀਨੇਟਰਾਂ ਵਲੋਂ Lock ਕਰਨ ਉਪਰੰਤ ਅਪਲੋਡ ਕਰਨਾ **(ਦਫਤਰੀ ਪੱਤਰ ਨੰ. PSOU/COE/1604 ਮਿਤੀ 19.11.2025 ਮੁਤਾਬਕ)** ਯਕੀਨੀ ਬਣਾਇਆ ਜਾਵੇਗਾ।
3. ਪ੍ਰੈਕਟੀਕਲ ਪ੍ਰੀਖਿਆਵਾਂ ਦੇ ਕੁੱਲ 100 ਅੰਕਾ ਵਿਚੋਂ Internal ਦੇ 30 ਅੰਕ ਅਤੇ External ਦੇ 70 ਅੰਕ ਹਨ । ਇਨ੍ਹਾਂ External 70 ਅੰਕਾਂ ਵਿੱਚੋ – **ਪ੍ਰੈਕਟੀਕਲ ਦੇ 20 ਅੰਕ + Viva-Voce ਦੇ 30 ਅੰਕ + ਲਿਖਤੀ ਦੇ 20 ਅੰਕ** ਹਨ।
4. ਪ੍ਰੀਖਿਆਵਾਂ ਲਈ ਬਣਾਏ ਪ੍ਰੀਖਿਆ ਕੇਂਦਰਾਂ ਵਿੱਚ ਜਿਨ੍ਹਾਂ ਕਾਲਜਾਂ ਨੂੰ Merge ਕੀਤਾ ਗਿਆ ਹੈ, ਉਨ੍ਹਾਂ Merge ਕੀਤੇ ਗਏ ਕਾਲਜਾਂ ਦੇ ਵਿਦਿਆਰਥੀ ਸੰਬੰਧਿਤ ਪ੍ਰੀਖਿਆ ਕੇਂਦਰਾਂ ਵਿਚ ਹੀ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਈਆਂ ਜਾਣਗੀਆਂ । **ਜਿਸ ਸੰਬੰਧੀ ਪ੍ਰੈਕਟੀਕਲ ਦੀ ਡੇਟ ਸ਼ੀਟ ਦੀ ਸੂਚਨਾ ਸੰਬੰਧਿਤ ਕਾਲਜਾਂ ਵੱਲੋ ਵਿਦਿਆਰਥੀਆਂ ਨੂੰ ਮੁੱਹਈਆਂ ਕਰਵਾਈ ਜਾਵੇਗੀ।**
5. ਪ੍ਰੈਕਟੀਕਲ ਪੇਪਰਾਂ ਦਾ ਮੁਲਾਂਕਣ (Internal ਅਤੇ External Marks) ਅਤੇ ਸੰਬੰਧਿਤ ਮਾਰਕਿੰਗ ਕਰਨ ਉਪਰੰਤ ਪ੍ਰੀਖਿਆ ਕੇਂਦਰ/ਕਾਲਜ ਦੇ ਕੋਆਰਡੀਨੇਟਰ ਵੱਲੋ ਸਬੰਧਤ ਵਿਸ਼ੇ ਦੇ ਅੰਕਾਂ ਦੀ ਹਾਰਡ ਕਾਪੀ ਦੀ ਫਾਇਲ (in original Index ਸਮੇਤ) ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਕੋਲ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ। ਪ੍ਰੀਖਿਆ ਕੇਂਦਰਾਂ ਦੇ ਕੋਆਰਡੀਨੇਟਰਾਂ ਵਲੋਂ ਸਾਰੇ ਵਿਸ਼ਿਆਂ ਦੀਆਂ Award lists (hard copy) ਦੀ course wise ਇੱਕ ਫਾਈਲ (combine) ਤਿਆਰ ਕੀਤੀ ਜਾਵੇਗੀ। ਇਸ Award list ਤੇ Course Teacher ਅਤੇ External Examiner ਦੇ ਦਸਤਖਤ ਹੋਣੇ ਜ਼ਰੂਰੀ ਹਨ। ਜਿਸ ਦੀ ਇੱਕ ਕਾਪੀ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਨੂੰ ਭੇਜੀ ਜਾਵੇਗੀ ਅਤੇ ਦੂਸਰੀ ਕਾਪੀ ਦਫਤਰੀ ਰਿਕਾਰਡ ਸਬੰਧੀ ਕਾਲਜ ਕੋਆਰਡੀਨੇਟਰ ਵਲੋਂ ਰੱਖੀ ਜਾਵੇਗੀ। ਫਾਇਲ ਦੇ Index ਤੇ ਕੋਆਰਡੀਨੇਟਰ ਅਤੇ ਪ੍ਰਿੰਸੀਪਲ ਦੇ ਹਸਤਾਖਰ ਜ਼ਰੂਰੀ ਹਨ। ਕਾਲਜ ਦੀ Stamp ਵੀ ਪ੍ਰਿੰਸੀਪਲ ਦੇ ਹਸਤਾਖਰ ਦੇ ਹੇਠਾਂ ਲਗਾਈ ਜਾਵੇ ਜੀ।

6. ਪ੍ਰੈਕਟੀਕਲ ਪੇਪਰਾਂ ਦੇ Internal ਅਤੇ External Marks ਅਪਲੋਡ ਕਰਨ ਸੰਬੰਧੀ ਵਿਸ਼ਿਆਂ ਦੇ ਅੰਕ ਸਬੰਧਤ ਕਾਲਜ ਦੇ ਕੋਆਰਡੀਨੇਟਰ ਵਲੋਂ ਯੂਨੀਵਰਸਿਟੀ **ਦੇ ਆਨਲਾਈਨ ਵੈਬਲਿੰਕ** https://centre.psou.ac.in/Centre ਤੇ ਮਿਤੀ **02.12.2025 ਤੋਂ ਮਿਤੀ 12.12.2025** ਤੱਕ ਅਪਲੋਡ ਕਰਨੇ ਯਕੀਨੀ ਬਣਾਏ ਜਾਣਗੇ।

7. ਪ੍ਰੀਖਿਆ ਕੇਂਦਰਾਂ ਵਲੋਂ ਥਿਉਰੀ ਪ੍ਰੀਖਿਆਵਾਂ ਲਈ ਜਿਸ ਫੈਕਲਟੀ ਮੈਂਬਰ ਨੂੰ ਕੋਆਰਡੀਨੇਟਰ (ਪ੍ਰਿੰਟਿੰਗ ਸੈਲ) ਲਗਾਇਆ ਗਿਆ ਹੈ, ਉਹ ਹੀ ਪ੍ਰੈਕਟੀਕਲ ਦੀਆਂ ਉੱਤਰ-ਕਾਪੀਆਂ ਦੇ ਮੁਲਾਂਕਣ ਸਮੇਂ **ਕੋਆਰਡੀਨੇਟਰ (Evaluation)** ਹੋਣਗੇ, ਜੋ ਕਿ ਸਾਰੇ ਵਿਦਿਆਰਥੀਆਂ ਦੇ ਅੰਕਾਂ ਨੂੰ ਪੋਰਟਲ ਤੇ ਅਪਲੋਡ ਕਰਨਾ ਯਕੀਨੀ ਬਣਾਉਣਗੇ। ਜਿਸ ਦਾ ਮੁਲਾਂਕਣ ਕਾਲਜਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ (External) ਲਈ External Examiner ਵਲੋਂ ਕੀਤਾ ਜਾਵੇਗਾ ਅਤੇ Internal marks ਕਾਲਜ ਦੇ ਫੈਕਲਟੀ ਮੈਬਰਾਂ ਵਲੋਂ ਅਪਲੋਡ ਕੀਤੇ ਜਾਣੇ ਹਨ।

8. ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਦੇ ਸਬੰਧ ਵਿੱਚ ਸਿਰਫ External marks ਹੀ ਕਾਲਜਾਂ ਵਲੋਂ ਮੁਲਾਂਕਣ ਉਪਰੰਤ ਅਪਲੋਡ ਕੀਤੇ ਜਾਣਗੇ। ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਪ੍ਰੈਕਟੀਕਲ ਪ੍ਰੀਖਿਆਵਾਂ ਦੇ Internal marks ਯੂਨੀਵਰਸਿਟੀ ਫੈਕਲਟੀ ਵਲੋਂ ਹੀ ਮੁਲਾਂਕਣ ਕਰਕੇ ਪੋਰਟਲ ਵਿੱਚ ਅਪਲੋਡ ਕੀਤੇ ਜਾਣਗੇ।

9. ਪ੍ਰੈਕਟੀਕਲ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੀ **Attendance Report** ਕੋਆਰਡੀਨੇਟਰ ਵਲੋਂ ਹੀ ਪ੍ਰੈਕਟੀਕਲ ਪ੍ਰੀਖਿਆ ਵਾਲੇ ਦਿਨ ਪੋਰਟਲ ਵਿੱਚ ਅਪਲੋਡ ਕੀਤੀ ਜਾਵੇਗੀ। ਇਹ ਸਾਰਾ ਪ੍ਰੈਕਟੀਕਲ ਪ੍ਰੀਖਿਆਵਾਂ ਦਾ uploading Process ਥਿਉਰੀ ਪ੍ਰੀਖਿਆ ਵਾਂਗ ਹੀ ਪੋਰਟਲ ਵਿੱਚ ਉਪਲੱਬਧ ਹੈ। ਹਰ ਵਿਸ਼ੇ ਦੀ Attendance report ਦੀ Hard copy ਦਾ ਰਿਕਾਰਡ ਕੋਆਰਡੀਨੇਟਰ ਵਲੋਂ ਮੇਨਟੇਨ ਕੀਤਾ ਜਾਵੇਗਾ।

10. ਸਬੰਧਤ ਕਾਲਜ/ਪ੍ਰੀਖਿਆ ਕੇਂਦਰ ਵਿੱਚ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਉਣ ਲਈ External Examiner ਦੀ ਨਿਯੁਕਤੀ **ਮਿਤੀ 01.12.2025 ਤੱਕ** ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਕੀਤੀ ਜਾਵੇਗੀ। External Examiner ਸਬੰਧਤ ਕਾਲਜ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਉਹ ਹੀ ਨਿਯੁਕਤ ਕੀਤੇ ਜਾਣ, ਜਿਨ੍ਹਾਂ ਨੂੰ ਕਾਲਜ ਵਲੋਂ ਪੋਰਟਲ ਵਿੱਚ ਅਪਲੋਡ ਕੀਤਾ ਹੈ ਅਤੇ ਯੂਨੀਵਰਸਿਟੀ ਵਲੋਂ ਅਪਰੂਵਡ ਹਨ।

11. ਪ੍ਰੈਕਟੀਕਲ ਸੰਬੰਧੀ ਉੱਤਰ ਕਾਪੀਆਂ (ਪ੍ਰੈਕਟੀਕਲ ਪ੍ਰੀਖਿਆਵਾਂ ਖਤਮ ਹੋਣ ਤੋਂ ਬਾਅਦ) ਦੀ ਜਿੰਮੇਵਾਰੀ ਸੰਬੰਧਿਤ ਫੈਲਕਟੀ ਦੀ ਹੋਵੇਗੀ ਕਿ ਉੱਤਰ-ਕਾਪੀਆਂ ਨੂੰ ਕਾਲਜ ਦੇ ਕੋਆਰਡੀਨੇਟਰ ਕੋਲ ਜਮ੍ਹਾਂ ਕਰਵਾਇਆ ਜਾਵੇ। ਕੋਆਰਡੀਨੇਟਰ ਵਲੋਂ ਉੱਤਰ ਕਾਪੀਆਂ ਨੂੰ ਪੈਕ ਕਰਵਾ ਕੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਕੋਲ ਜਮ੍ਹਾਂ ਕਰਵਾਇਆ ਜਾਵੇਗਾ।

12. ਸੰਬੰਧਿਤ ਕਾਲਜਾਂ ਵੱਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ External Examiner ਕਾਲਜ ਵਿਚੋ ਹੀ ਲਗਾਏ ਜਾਣਗੇ ਅਤੇ ਜਿਸ ਵਿਸ਼ੇ ਵਿਚ ਸੰਬੰਧਿਤ ਕਾਲਜ ਵਿਚ Examiner ਮੌਜੂਦ ਨਹੀ ਹਨ, ਉਨ੍ਹਾਂ ਪ੍ਰੀਖਿਆ ਕੇਂਦਰਾਂ ਵਿੱਚ ਨੇੜੇ ਦੇ ਕਾਲਜ ਤੋਂ Examiner (External) ਨੂੰ ਬੁਲਾ ਕੇ ਵਿਦਿਆਰਥੀਆਂ ਦੀ ਪ੍ਰੈਕਟੀਕਲ ਪ੍ਰੀਖਿਆ ਕਾਲਜ ਵਲੋਂ ਕਰਵਾਈ ਜਾਵੇਗੀ। ਕਾਲਜ ਦੇ ਕੋਆਰਡੀਨੇਟਰ ਵਲੋਂ ਇਸ ਸਬੰਧੀ coepsou@psou.ac.in ਤੇ ਈ-ਮੇਲ ਰਾਹੀਂ ਸੂਚਿਤ ਕੀਤਾ ਜਾਵੇ।

13. ਪ੍ਰੈਕਟੀਕਲ ਪ੍ਰੀਖਿਆਵਾਂ ਸਮੇ ਪ੍ਰੀਖਿਆ ਕੇਂਦਰ ਵਲੋਂ ਜੇਕਰ External Examiner ਕਿਸੇ ਨੇੜੇ ਦੇ ਕਾਲਜ ਵਿਚੋਂ ਲਗਾਇਆ ਜਾਂਦਾ ਹੈ ਤਾਂ Internal Examiner ਕਾਲਜ ਦੀ ਫੈਕਲਟੀ ਵਿਚੋਂ ਹੀ ਲਗਾਇਆ ਜਾਵੇਗਾ।

14. ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਪ੍ਰੀਖਿਆ ਕੇਂਦਰਾਂ/LSC ਵਿੱਚ External examiner available ਨਾ ਹੋਣ ਦੀ ਸੂਰਤ ਵਿੱਚ ਸਬੰਧਤ ਪ੍ਰੀਖਿਆ ਕੇਂਦਰਾਂ ਵਿੱਚੋ ਕਿਸੇ ਹੋਰ ਫੈਕਲਟੀ ਮੈਂਬਰ ਨੂੰ ਪ੍ਰੀਖਿਆ ਕੇਂਦਰ ਦੇ ਚੀਫ-ਕੋਆਰਡੀਨੇਟਰ ਦੀ ਪ੍ਰਵਾਨਗੀ ਲੈਣ ਉਪਰੰਤ as a External Examiner ਲਗਾਇਆ ਜਾ ਸਕਦਾ ਹੈ।

15. ਪ੍ਰੈਕਟੀਕਲ ਸੰਬੰਧੀ ਮਾਣਭੱਤਿਆ ਦੀ ਸੂਚਨਾ ਪਹਿਲਾਂ ਹੀ ਯੂਨੀਵਰਸਿਟੀ ਦੁਆਰਾ ਕਾਲਜਾਂ ਨੂੰ ਭੇਜੀ ਜਾ ਚੁੱਕੀ ਹੈ ਅਤੇ ਪ੍ਰੈਕਟੀਕਲ ਸੰਬੰਧਿਤ ਪੈਮੇਟ External Examiner ਨੂੰ ਹੀ ਕੀਤੀ ਜਾਵੇਗੀ। ਜਿਸ ਨੂੰ ਅਪਲੋਡ ਕਰਵਾਉਣਾ ਅਤੇ ਪ੍ਰੋਫਾਰਮੇ ਭਰਵਾਉਣ (External Examiner ਸੰਬੰਧੀ) ਲਈ ਸੰਬੰਧਿਤ ਯੂਨੀਵਰਸਿਟੀ/ਕਾਲਜ ਦੇ ਕੋਆਰਡੀਨੇਟਰ ਦੀ ਜਿੰਮੇਵਾਰੀ ਹੋਵੇਗੀ।

16. ਪ੍ਰੀਖਿਆ ਕੇਂਦਰ/ਕਾਲਜਾਂ ਵੱਲੋ ਯੂਨੀਵਰਸਿਟੀ/LSCs ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਥਿਓਰੀ ਪ੍ਰੀਖਿਆਵਾਂ ਵਾਂਗ ਹੀ ਸਬੰਧਤ ਕਾਲਜ ਵਿੱਚ ਹੀ ਕਰਵਾਈਆਂ ਜਾਣਗੀਆਂ।

17. ਥਿਓਰੀ ਪ੍ਰੀਖਿਆਵਾਂ ਵਾਂਗ ਹੀ ਸਬੰਧਤ ਕਾਲਜ ਵਲੋਂ **ਸਿੱਖਿਆ ਦਾਤ ਸਕੀਮ ਅਧੀਨ** ਜੇਲ੍ਹ ਸੈਂਟਰਾਂ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਕਾਲਜ ਦੇ ਇਨਵਿਜੀਲੇਟਰ ਵਲੋਂ ਜੇਲ੍ਹ ਸੈਂਟਰ ਵਿੱਚ ਕੰਡਕਟ ਕੀਤੀਆਂ ਜਾਣਗੀਆਂ।

18. ਸਬੰਧਤ ਕਾਲਜ/ਯੂਨੀਵਰਸਿਟੀ ਸਕੂਲ ਦੇ ਕੋਆਰਡੀਨੇਟਰ ਦੀ ਹੀ ਜਿੰਮੇਵਾਰੀ ਹੋਵੇਗੀ ਕਿ ਥਿਓਰੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ ਦੇ **Internal & External ਅੰਕ** ਯੂਨੀਵਰਸਿਟੀ ਵਲੋਂ ਜਾਰੀ ਨਿਯਤ ਮਿਤੀਆਂ ਤੱਕ ਅਪਲੋਡ ਕੀਤੇ ਜਾਣ, ਤਾਂ ਜੋ ਯੂਨੀਵਰਸਿਟੀ ਵਲੋਂ ਸਬੰਧਤ ਰਿਜਲਟ ਸਮੇਂ ਸਿਰ ਘੋਸ਼ਿਤ ਕੀਤੇ ਜਾ ਸਕਣ।

19. External Examiner ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਦਾ ਮੁਲਾਂਕਣ ਯੂਨੀਵਰਸਿਟੀ ਨਿਯਮਾਂ ਅਨੁਸਾਰ ਕੀਤਾ ਜਾਵੇ ਅਤੇ ਅੰਕਾਂ ਨੂੰ ਆਨਲਾਈਨ ਪੋਰਟਲ ਵਿੱਚ ਅਪਲੋਡ ਕਰਨ ਤੋਂ ਬਾਅਦ, ਆਪਣੇ ਦਸਤਖਤ ਕਰਕੇ ਸਬੰਧਤ ਵਿਸ਼ੇ ਦੀਆਂ ਪ੍ਰੈਕਟੀਕਲ ਲਿਸਟਾਂ ਦੀ ਹਾਰਡ ਕਾਪੀ ਨੂੰ ਆਪਣੇ ਕਾਲਜ/ਯੂਨੀਵਰਸਿਟੀ ਸਕੂਲ ਦੇ ਕੋਆਰਡੀਨੇਟਰ ਨੂੰ ਜਮ੍ਹਾ ਕਰਵਾਉਣਾ ਯਕੀਨੀ ਬਣਾਉਣਗੇ। **Practical Award list – Internal, External** ਦੀ ਫਾਈਲ (Original Copy) ਕੋਆਰਡੀਨੇਟਰ ਵਲੋਂ ਸਬੰਧਤ ਵਿਸ਼ੇ ਦੇ External Examiner, ਕੋਆਰਡੀਨੇਟਰ, ਅਤੇ ਸਬੰਧਤ ਕਾਲਜ ਦੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਦੇ ਦਸਤਖਤ ਕਰਵਾਕੇ ਯੂਨੀਵਰਸਿਟੀ ਨੂੰ ਜਮ੍ਹਾ ਕਰਵਾਈ ਜਾਵੇਗੀ। ਇਸ ਤਰ੍ਹਾਂ ਕੋਆਰਡੀਨੇਟਰ ਵਲੋਂ ਥਿਓਰੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ (Internal, External) ਦੀਆਂ ਅਲੱਗ-ਅਲੱਗ ਫਾਈਲਾਂ ਯੂਨੀਵਰਸਿਟੀ ਨੂੰ ਪ੍ਰੀਖਿਆਵਾਂ ਸਬੰਧੀ ਜਮ੍ਹਾ ਕਰਵਾਈਆਂ ਜਾਣਗੀਆਂ, ਜਿਸ ਵਿੱਚ ਉਨ੍ਹਾਂ ਸਬੰਧੀ ਵੇਰਵੇ Index ਸਮੇਤ ਮੌਜੂਦ ਹੋਣਗੇ। ਫਾਇਲਾਂ ਦੀ ਇੱਕ ਕਾਪੀ ਕੋਆਰਡੀਨੇਟਰ ਵਲੋਂ ਕਾਲਜ ਵਿੱਚ ਰਿਕਾਰਡ ਵਜੋਂ ਰੱਖੀ ਜਾਵੇ ਜੀ।

20. ਜੇਕਰ ਪ੍ਰੈਕਟੀਕਲ ਪ੍ਰੀਖਿਆਵਾਂ ਲਈ External Examiner ਸਬੰਧਤ ਪ੍ਰੀਖਿਆ ਕੇਂਦਰ ਵਿਚੋਂ ਹੀ ਲਗਾਇਆ ਜਾਂਦਾ ਹੈ ਤਾਂ ਉਸ ਨਾਲ Internal Examiner ਨਹੀਂ ਲਗਾਇਆ ਜਾਵੇਗਾ।

21. ਪ੍ਰੀਖਿਆ ਕੇਂਦਰਾਂ ਵਲੋਂ ਸਬੰਧਤ ਵਿਸ਼ਿਆਂ ਦੇ Internal ਅਤੇ External Examiner ਦਾ ਰਿਕਾਰਡ (Hard copy & Soft copy) ਕਾਲਜ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰਾਂ ਵਲੋਂ ਰੱਖਿਆ ਜਾਵੇਗਾ।

22. ਪ੍ਰੀਖਿਆ ਕੇਂਦਰਾਂ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਆਪਣੇ ਮੁਤਾਬਕ Evening/Morning session ਵਿੱਚ ਕਰਵਾ ਸਕਦੇ ਹਨ। ਕਾਲਜ ਅਤੇ ਯੂਨੀਵਰਸਿਟੀ ਕੋਆਰਡੀਨੇਟਰ ਵਲੋਂ ਵਿਦਿਆਰਥੀਆਂ ਨੂੰ ਇਸ ਸਬੰਧੀ ਐਡਵਾਸ ਵਿੱਚ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

23. ਪ੍ਰੀਖਿਆ ਕੇਂਦਰਾਂ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਉਣ ਉਪਰੰਤ ਵਿਦਿਆਰਥੀਆਂ ਦੀ Marks list ਨੂੰ **ਮਿਤੀ 02.12.2025 ਤੋਂ 12.12.2025** ਤੱਕ ਅਪਲੋਡ ਕਰਨ ਉਪਰੰਤ Lock ਕਰਨਾ ਅਤਿ ਜਰੂਰੀ ਹੋਵੇਗਾ।

24. ਯੂਨੀਵਰਸਿਟੀ ਅਤੇ ਕਾਲਜ ਦੇ **Reappear** ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ **Evening session** ਵਿੱਚ ਕੰਡਕਟ ਕੀਤੀਆਂ ਜਾਣ।

25. ਪ੍ਰੀਖਿਆ ਕੇਂਦਰ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਦੀਆਂ Award Lists ਦੀ ਫਾਈਲ ਬਣਾਕੇ ਪ੍ਰੀਖਿਆਵਾਂ ਖਤਮ ਹੋਣ ਉਪਰੰਤ Exam material ਕੁਲੈਕਟ ਕਰਨ ਵਾਲੇ ਯੂਨੀਵਰਸਿਟੀ ਸਟਾਫ ਨੂੰ ਜਮ੍ਹਾ ਕਰਵਾਈਆਂ ਜਾਣਗੀਆਂ।

26. ਪ੍ਰੈਕਟੀਕਲ ਦੀ ਪ੍ਰੀਖਿਆ ਸਮੇਂ External Examiner ਦੇ ਨਾਲ ਉਸ ਵਿਸ਼ੇ ਦੇ **ਸਬੰਧਤ ਕੋਰਸ ਟੀਚਰ (Internal Faculty) ਦੀ ਮੌਜੂਦਗੀ** ਹੋਣੀ ਜ਼ਰੂਰੀ ਹੈ, ਜਿਸ ਦਾ ਸਬੰਧਤ ਕਾਲਜ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰ ਵਲੋਂ ਧਿਆਨ ਰੱਖਿਆ ਜਾਵੇ।

27. ਆਨਲਾਈਨ ਪੋਰਟਲ ਵਿੱਚ ਵਿਸ਼ੇ ਸਬੰਧੀ ਅੰਕ ਫਾਈਨਲ ਅਪਲੋਡ ਕੀਤੇ ਜਾਣ ਤੋਂ ਬਾਅਦ (ਪ੍ਰਿੰਟ ਲੈਣ ਸਮੇਂ) ਪੋਰਟਲ Lock (ਸਬੰਧਤ ਵਿਸ਼ੇ ਲਈ ਹੀ) ਹੋ ਜਾਵੇਗਾ ਤਾਂ ਜੋ ਉਸ ਵਿਸ਼ੇ ਦੇ ਅੰਕ ਬਾਅਦ ਵਿੱਚ ਕਿਸੇ ਵਲੋਂ ਵੀ Change ਨਾ ਕੀਤੇ ਜਾ ਸਕਣ। ਕਿਸੇ ਵੀ ਵਿਸ਼ੇ ਦੇ ਅੰਕਾਂ ਨੂੰ ਬਾਅਦ ਵਿੱਚ ਅਪਡੇਟ (Edit) ਕਰਨ ਲਈ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਤੋਂ ਹੀ ਸਬੰਧਤ ਕਾਲਜ ਦੇ ਕੋਆਰਡੀਨੇਟਰ ਵਲੋਂ

Permission ਲਈ ਜਾਵੇਗੀ, ਜਿਸ ਲਈ ਕੋਆਰਡੀਨੇਟਰ ਵਲੋਂ **coepsou@psou.ac.in** ਤੇ ਈ-ਮੇਲ ਕੀਤੀ ਜਾਵੇਗੀ (ਸਬੰਧਤ ਈ-ਮੇਲ ਦੀ **Subject heading** : To update marks in subject -Theory/Practical ਹੋਣੀ ਚਾਹੀਦੀ ਹੈ)

28. ਯੂਨੀਵਰਸਿਟੀ/ਕਾਲਜਾਂ ਦੇ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਵਿਸ਼ੇ ਦੀ ਪ੍ਰੈਕਟੀਕਲ ਪ੍ਰੀਖਿਆਵਾਂ ਕੰਡਕਟ ਕਰਵਾਉਣ ਲਈ External Examiner ਦਾ ਉਸ ਵਿਸ਼ੇ ਦਾ ਟੀਚਿੰਗ ਤਜਰਬਾ ਹੋਣਾ ਜਰੂਰੀ ਹੈ ਅਤੇ ਟੀਚਿੰਗ ਫੈਕਲਟੀ ਵਿਚੋਂ ਹੀ External Examiner ਨੂੰ ਲਗਾਇਆ ਜਾਵੇ। ਕਿਸੇ ਵੀ ਹਲਾਤ ਵਿੱਚ Non Faculty staff ਨੂੰ ਪ੍ਰੈਕਟੀਕਲ ਪ੍ਰੀਖਿਆ ਕੰਡਕਟ ਕਰਨ ਲਈ ਨਾ ਲਗਾਇਆ ਜਾਵੇ।

29. ਪ੍ਰੀਖਿਆ ਕੇਂਦਰਾਂ ਦੇ ਕੋਆਰਡੀਨੇਟਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਕਿਸੇ ਵੀ ਜਾਣਕਾਰੀ ਲਈ ਯੂਨੀਵਰਸਿਟੀ ਦੀ **Exam Branch (Helpline): 95307-41524 (Mobile), Email: coepsou@psou.ac.in** ਤੇ ਸੰਪਰਕ ਕੀਤਾ ਜਾ ਸਕਦਾ ਹੈ।

30. ਪ੍ਰੈਕਟੀਕਲ ਪ੍ਰੀਖਿਆਵਾਂ ਸੰਬੰਧੀ ਜਰੂਰੀ ਵੇਰਵੇ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ.** | **ਮਿਤੀ** | **ਪ੍ਰੀਖਿਆਵਾਂ ਸੰਬੰਧੀ ਵੇਰਵਾ** | **ਸੰਬੰਧਿਤ** |
|---|---|---|---|
| 1 | 02.12.2025 ਤੋਂ 10.12.2025 | Conduct of Practical Examinations | ਕਾਲਜ/ ਯੂਨੀਵਰਸਿਟੀ ਸਕੂਲ |
| 2 | 02.12.2025 ਤੋਂ 12.12.2025 | ਪ੍ਰੈਕਟੀਕਲ ਸਬੰਧੀ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਅਪਲੋਡ ਕਰਨ ਸੰਬੰਧੀ | ਕਾਲਜ/ ਯੂਨੀਵਰਸਿਟੀ ਸਕੂਲ |

**ਨੱਥੀ:**

1) **Exam Centre List**
2) **ਦਫਤਰੀ ਪੱਤਰ PSOU/COE/1604ਮਿਤੀ 19.11.2025**

28/11/2025

ਡਿਪਟੀ ਰਜਿਸਟਰਾਰ

**Deputy Registrar (Exams)**
**Jagat Guru Nanak Dev**
**Punjab State Open University, Patiala**

**ਉਤਾਰਾ:**

1) ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਅਤੇ website ਤੇ ਅਪਲੋਡ ਕਰਨ ਸਬੰਧੀ।

# ਜਗਤ ਗੁਰੂ ਨਾਨਕ ਦੇਵ
# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

(Established by Act No.19 of 2019 of Legislature of the State of Punjab)

(ਕੰਟਰੋਲਰ ਪ੍ਰੀਖਿਆਵਾਂ)


Ref.No/ PSOU/ COE/.1612.. Dated:26/.11./2025

## ਨੋਟਿਸ

ਵਿਸ਼ਾ:- **ਦਸੰਬਰ 2025/ਜਨਵਰੀ 2026 ਪ੍ਰੀਖਿਆਵਾਂ ਦੇ ਪ੍ਰੀਖਿਆ ਕੇਂਦਰਾਂ ਦੀ ਸੂਚਨਾਂ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਦੇ ਸਰਟੀਫਿਕੇਟ/ਡਿਪਲੋਮਾ/ਡਿਗਰੀ ਪ੍ਰੋਗਰਾਮਾਂ ਦੀਆਂ ਫਾਈਨਲ ਪ੍ਰੀਖਿਆਵਾਂ ਮਿਤੀ 02.12.2025 ਤੋਂ ਕੰਡਕਟ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਲਈ ਬਣਾਏ ਗਏ ਪ੍ਰੀਖਿਆ ਕੇਂਦਰਾਂ ਦੀ ਲਿਸਟ **ਅਨੁਲੱਗ 'ੳ'** (ਕਾਪੀ ਨੱਥੀ) ਤੇ ਦੇਖਣਯੋਗ ਹੈ। ਪ੍ਰੀਖਿਆ ਕੇਂਦਰ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਹੀ ਬਣਾਏ ਗਏ ਹਨ, ਜਦਕਿ ਕੁੱਝ ਕਾਲਜਾਂ ਨੂੰ ਸਬੰਧਤ ਕਾਲਜਾਂ (ਪ੍ਰੀਖਿਆ ਕੇਂਦਰਾਂ) ਵਿੱਚ Merge ਕੀਤਾ ਗਿਆ ਹੈ। **ਪ੍ਰੀਖਿਆ ਕੇਂਦਰਾਂ ਵਲੋਂ UGC/CIQA Guidelines ਮੁਤਾਬਕ Video Recording/ CCTV ਅਤੇ Biometric Attendance ਦੀ ਸੁਵਿਧਾ ਹੋਣੀ ਲਾਜ਼ਮੀ ਬਣਾਈ ਜਾਵੇ।**

ਉਕਤ ਤੋਂ ਇਲਾਵਾਂ ਪ੍ਰੀਖਿਆ ਕੇਂਦਰਾਂ ਵਲੋਂ ਪ੍ਰੀਖਿਆਵਾਂ ਦੇ ਪ੍ਰਬੰਧ ਅਤੇ ਪ੍ਰੀਖਿਆ ਸਬੰਧੀ ਬਿੱਲਾਂ ਦੀ ਅਦਾਇਗੀ ਲਈ ਐਡਵਾਸ ਪੇਮੈਂਟ ਜਾਰੀ ਕਰਵਾਉਣ ਲਈ ਕਾਲਜ ਦੇ ਪ੍ਰਿੰਸੀਪਲ ਦੁਆਰਾ ਤਸਦੀਕ ਕਰਨ ਉਪਰੰਤ **Bank Account Details** ਹੇਠ ਲਿਖੇ ਅਨੁਸਾਰ ਪ੍ਰੀਖਿਆ ਸ਼ਾਖਾ ਦੀ **ਈ-ਮੇਲ exam-bills@psou.ac.in ਤੇ ਮਿਤੀ 28.11.2025** ਤੱਕ ਭੇਜਣੀ ਯਕੀਨੀ ਬਣਾਈ ਜਾਵੇ:

| | | |
|---|---|---|
| 1 | Name of Exam Centre (LSC) | |
| 2 | Name of Bank | |
| 3 | Bank Account No. | |
| 4 | IFSC Code | |
| 5 | Branch | |

ਉਪਰੋਕਤ ਟੇਬਲ ਵਿੱਚ ਦਰਜ ਬੈਂਕ ਡਿਟੇਲ ਮੁਤਾਬਕ ਹੀ ਪ੍ਰੀਖਿਆ ਕੇਂਦਰਾਂ ਨੂੰ ਯੂਨੀਵਰਸਿਟੀ ਵਲੋਂ ਪ੍ਰੀਖਿਆਵਾਂ ਸਬੰਧੀ ਐਡਵਾਸ ਅਤੇ Remuneration ਸਬੰਧਤ ਕਾਲਜ ਦੇ Bank Account ਵਿੱਚ ਭੇਜਿਆ ਜਾਵੇਗਾ। ਉਪਰੋਕਤ ਸੂਚਨਾਂ ਸਮੇਂ ਸਿਰ ਨਾ ਭੇਜਣ ਦੀ ਸੂਰਤ ਵਿੱਚ ਪੂਰਨ ਤੌਰ ਤੇ ਜਿੰਮੇਵਾਰੀ ਸਬੰਧਤ Exam Centre (LSC) ਦੀ ਹੋਵੇਗੀ।

**ਨੱਥੀ: ਪ੍ਰੀਖਿਆ ਕੇਂਦਰ ਲਿਸਟ (ਅਨੁਲੱਗ ੳ)**

26/11/25

ਕੰਟਰੋਲਰ ਪ੍ਰੀਖਿਆਵਾਂ

**Controller of Examinations**
**Jagat Guru Nanak Dev**
**Punjab State Open University**
**Patiala**

**ਉਤਾਰਾ:**

1) ਰਜਿਸਟਰਾਰ
2) ਡਾਇਰੈਕਟਰ (LSC)
3) ਸਮੂਹ Exam Centres (LSC)
3) ਸਹਾਇਕ ਰਜਿਸਟਰਾਰ (ਲੇਖਾ)
4) ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਕਰਨ ਸਬੰਧੀ।

# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

(ਅਨੁਲੱਗ ੳ)

## ਪ੍ਰੀਖਿਆ ਕੇਂਦਰ

## ਪ੍ਰੀਖਿਆਵਾਂ (ਦਸੰਬਰ 2025/ ਜਨਵਰੀ 2026)

| District | Sr. No. | Name of Exam Centre | Name of Merged LSC | Jail Centre |
|---|---|---|---|---|
| Amritsar | 1 | KHALSA COLLEGE FOR WOMEN, AMRITSAR | KHALSA COLLEGE FOR WOMEN, AMRITSAR | Central Jail Amritsar (1) |
| | | | GURU NANAK DEV CO.EDUCATIONAL COLLEGE, UGGAR AULAKH, AJNALA, AMRITSAR | |
| | 2 | SHAHEED BABA JIWAN SINGH KHALSA COLLEGE, HOSHIAR NAGAR, AMRITSAR | - | |
| | 3 | GOVT. COLLEGE FOR WOMEN, AMRITSAR | - | |
| Barnala | 4 | ARYABHATTA COLLEGE, BARNALA | - | |
| | 5 | GURU GOBIND SINGH COLLEGE, SANGHERA, BARNALA | - | Central Jail Barnala (2) |
| Bathinda | 6 | GTB COLLEGE, BALLOH, BATHINDA | GTB COLLEGE, BALLOH, BATHINDA | |
| | | | BABA MONI JI MAHARAJ DEGREE COLLEGE, LEHRA MOHABBAT, BATHINDA | |
| | | | FATEH COLLEGE RAMPURA PHUL, BATHINDA | |
| | 7 | BAGLA MUKHI COLLEGE OF EDUCATION, BALLUANA, BATHINDA | - | •Central Jail Bathinda •Women Jail Bathinda (3) (4) |
| | 8 | MATA MAISERKHANA COLLEGE OF EDUCATION, BATHINDA MANSA ROAD | MATA MAISERKHANA COLLEGE OF EDUCATION, BATHINDA MANSA ROAD | |
| | | | AKLIA DEGREE COLLEGE, VPO AKLIA GOINANA, BATHINDA | |
| | | | GURU NANAK DEV KHALSA GIRLS COLLEGE, BATHINDA | |
| | 9 | MATA SAHIB KAUR GIRLS COLLEGE, TALWANDI SABO, BATHINDA | - | |

| | | | | |
|---|---|---|---|---|
| Faridkot | 10 | PUNJAB DEGREE COLLEGE, SADIQ-FARIDKOT RD MEHMUANA (FARIDKOT) | - | • Central Jail Faridkot<br>• Observation Jail Faridkot<br>(5) (6) |
| | 11 | BABA BANDA BAHADUR COLLEGE OF EDUCATION, VIRE WALA ROAD, FARIDKOT | BABA BANDA BAHADUR COLLEGE OF EDUCATION, VIRE WALA ROAD, FARIDKOT | |
| | | | DESH BHAGAT PANDIT CHETAN DEV GOVT. COLLEGE OF EDUCATION, FARIDKOT | |
| Fatehgarh Sahib | 12 | PINE GROVE GROUP OF INSTITUTES BASSI PATHANA, FATHEGARH SAHIB | PINE GROVE GROUP OF INSTITUTES BASSI PATHANA, FATHEGARH SAHIB | |
| | 13 | SAFFRON COLLEGE FOR GIRLS, FATEHGARH SAHIB | SAFFRON COLLEGE FOR GIRLS, FATEHGARH SAHIB | |
| | | | PUNJAB COLLEGE OF COMMERCE AND AGRICULTURE, SARKAPRA, CHUNNI KALAN, FGS | |
| | | | UNIVERSE PROFESSIONAL COLLEGE OF EDUCATION, ADAMPUR, FATEHGARH SAHIB | |
| Ferozepur | 14 | SANT KABIR COLLEGE, ZIRA, FEROZEPUR | SANT KABIR COLLEGE, ZIRA, FEROZEPUR | Central Jail Ferozpur (7) |
| | | | SHUKDEVA KRISHNA COLLEGE OF EDUCATION FOR GIRLS, MOGA | |
| | 15 | BABA KUNDAN SINGH COLLEGE, MUHAR, FEROZEPUR | - | |
| Gurdaspur | 16 | PANNU INSTITUTE OF MANAGEMENT AND TECHNOLOGY, GURDASPUR | - | |
| | 17 | BABA AJAY SINGH KHALSA COLLEGE, GURDAS NANGAL | - | Central Jail Gurdaspur (8) |
| Hoshiarpur | 18 | GOVERNMENT COLLEGE, HOSHIARPUR | GOVERNMENT COLLEGE, HOSHIARPUR | |
| | | | S.D. COLLEGE, HOSHIARPUR | |
| | | | SAINI BAR COLLEGE, BULHOWAL, HOSHIARPUR | |
| | | | GURU NANAK KHALSA COLLEGE, DAROLI KALAN, JALANDHAR | |
| | 19 | KMS COLLEGE OF IT AND MANAGEMENT, DASUYA, HOSHIARPUR | - | |

| | | | | |
|---|---|---|---|---|
| | 20 | **GURU TEG BAHADUR KHALSA COLLEGE FOR WOMEN, DASUYA, HOSHIARPUR** | - | |
| | 21 | **KHALSA COLLEGE, GARHDIWALA, HOSHIARPUR** | KHALSA COLLEGE, GARHDIWALA, HOSHIARPUR | |
| | | | MAHARANA PRATAP GOVERNMENT COLLEGE, DHOLBAHA, HOSHIARPUR | |
| | 22 | **GIANI KARTAR SINGH MEMORIAL GOVERNMENT COLLEGE, TANDA URMAR, HOSHIARPUR** | GIANI KARTAR SINGH MEMORIAL GOVERNMENT COLLEGE, TANDA URMAR, HOSHIARPUR | |
| | | | PUBLIC KHALSA COLLEGE FOR WOMEN KANDHALA JATTAN, HOSHIARPUR | |
| | 23 | **SWAMI PREMANAND MAHAVIDYALYA, MUKERIAN, HOSHIARPUR** | SWAMI PREMANAND MAHAVIDYALYA, MUKERIAN, HOSHIARPUR | |
| | | | DASMESH GIRLS COLLEGE, CHAK ALLA BAKSH, MUKERIAN, HOSHIARPUR | |
| | 24 | **M.R.P.D GOVERNMENT COLLEGE, TALWARA, HOSHIARPUR** | - | |
| **Jalandhar** | 25 | **SAINT SOLDIER COLLEGE, JALANDHAR-AMRITSAR BAYPASS, JALANDHAR** | - | |
| | 26 | **K.C.L. INSTITUTE OF LAWS, LADOWALI ROAD, JALANDHAR** | - | |
| **Kapurthala** | 27 | **LYALLPUR KHALSA COLLEGE, KAPURTHALA** | LYALLPUR KHALSA COLLEGE, KAPURTHALA | Central Jail Kapurthala (9) |
| | | | N.J.S.A GOVT. COLLEGE KAPURTHALA | |
| | | | MATA GUJRI KHALSA COLLEGE, KISHANGARH ROAD, KARTARPUR | |
| **Ludhiana** | 28 | **GGN INSTITUTE OF MANAGEMENT & TECHNOLOGY, GHUMAR MANDI, CIVIL LINES, LUDHIANA** | GGN INSTITUTE OF MANAGEMENT & TECHNOLOGY, GHUMAR MANDI, CIVIL LINES, LUDHIANA | • Central Jail Ludhiana<br>• Borstal Jail Ludhiana<br>• Women Jail Ludhiana<br>(10) (11) (12) |
| | | | GGN INSTITUTE OF VOCATIONAL STUDIES, GGN CAMPUS, GHUMAR MANDI, CIVIL LINES | |
| | | | MAKKAR COLLEGE OF TECHNICAL EDUCATION, LUDHIANA | |
| | | | GHG KHALSA COLLEGE, SUDHAR, LUDHIANA | |

| | | | | |
|---|---|---|---|---|
| **Malerkotla** | **29** | **GOVERNMENT COLLEGE MALERKOTLA** | GOVERNMENT COLLEGE MALERKOTLA | • Central Jail Nabha<br>• Open Jail Nabha<br>(13) (14) |
| | | | SANT BABA ATTAR SINGH KHALSA COLLEGE, SANDAUR, MALERKOTLA | |
| **Mansa** | **30** | **KRISHNA COLLEGE OF HIGHER EDUCATION, VILL. RALLI, BUDHLADA, MANSA** | KRISHNA COLLEGE OF HIGHER EDUCATION, VILL. RALLI, BUDHLADA, MANSA | Central Jail Mansa (15) |
| | | | ARIHANT COLLEGE OF EDUCATION, BARETA, MANSA | |
| | | | THE ROYAL GROUP OF COLLEGES, BORAWAL, MANSA | |
| | | | GURU NANAK COLLEGE OF EDUCATION, SAMAON, BHIKHI, MANSA | |
| | **31** | **THE ENLIGHTENED DEGREE COLLEGE, JHUNIR, NEAR BHAKRA CANAL, MANSA** | THE ENLIGHTENED DEGREE COLLEGE, JHUNIR, NEAR BHAKRA CANAL, MANSA | |
| | | | MEERA COLLEGE OF EDUCATION, MANSA, SARDULEWALA | |
| | | | GURU TEG BAHADUR KHALSA COLLEGE OF EDUCATION, DALELWALA, MANSA | |
| | **32** | **MATA SITO DEVI COLLEGE OF EDUCATION, KOT DHARMU, MANSA** | MATA SITO DEVI COLLEGE OF EDUCATION, KOT DHARMU, MANSA | |
| | | | MALWA COLLEGE OF TRAINING & EDUCATION, MALKPUR KHAIL, MANSA | |
| | **33** | **GLOBAL COLLEGE OF HIGHER EDUCATION, VILL. NANGAL KHURD, MANSA** | GLOBAL COLLEGE OF HIGHER EDUCATION, VILL. NANGAL KHURD, MANSA | |
| | | | MAI BHAGO DEGREE COLLEGE, RALLA , MANSA | |
| | | | SD KANYA MAHAVIDYALA, MANSA | |
| **Mohali** | **34** | **KHALSA COLLEGE (ASR) OF TECHNOLOGY AND BUSINESS STUDIES, MOHALI** | KHALSA COLLEGE (ASR) OF TECHNOLOGY AND BUSINESS STUDIES, MOHALI | |
| | **35** | **DASHMESH KHALSA COLLEGE, ZIRAKPUR, MOHALI** | DASHMESH KHALSA COLLEGE, ZIRAKPUR, MOHALI | |
| | | | ATTRI COLLEGE OF EDUCATION FOR GIRLS, LALRU | |
| **Sri Muktsar Sahib** | **36** | **BHAI MAHA SINGH COLLEGE OF ENGINEERING, SRI MUKTSAR SAHIB** | BHAI MAHA SINGH COLLEGE OF ENGINEERING, SRI MUKTSAR SAHIB | Central Jail Sri Muktsar Sahib (16) |

| | | | | |
|---|---|---|---|---|
| **Nawanshahar** | 37 | **BHAI SANGAT SINGH KHALSA COLLEGE, BANGA, SHAHEED BHAGAT SINGH NAGAR (NAWANSHAHAR)** | BHAI SANGAT SINGH KHALSA COLLEGE, BANGA, SHAHEED BHAGAT SINGH NAGAR (NAWANSHAHAR) | |
| | | | GURU NANAK COLLEGE FOR WOMEN, BANGA | |
| | | | SDS GOVT. COLLEGE, JADLA, SHAHEED BHAGAT SINGH NAGA, (NAWANSHAHAR) | |
| **Patiala** | 38 | **PUNJAB COLLEGE OF EDUCATION, BAHADURGARH, PATIALA** | PUNJAB COLLEGE OF EDUCATION, BAHADURGARH, PATIALA | Central Jail Patiala (17) |
| | 39 | **GOVT. STATE COLLEGE OF EDUCATION, PATIALA** | JGNDPSOU (University Students) | |
| | | | ADARSH DEGREE COLLEGE FOR GIRLS, DHAINTHAL, PATIALA | |
| | | | BAHRA COLLEGE OF LAW, PATIALA | |
| | 40 | **GOVT. MOHINDRA COLLEGE, PATIALA** | - | |
| | 41 | **KAY JAY COLLEGE OF EDUCATION, VILL., RASULPUR,PATIALA** | - | |
| **Patran** | 42 | **MOTHER INDIA COLLEGE OF EDUCATION, NIAL BY-PASS, PATRAN, PATIALA** | - | |
| | 43 | **UNIVERSAL COLLEGE, PATRAN, PATIALA** | - | |
| **Ropar** | 44 | **GOVERNMENT SHIVALIK COLLEGE, NAYA NANGAL, RUPNAGAR** | - | |
| | 45 | **GOVT. COLLEGE ROPAR** | GOVT. COLLEGE ROPAR | Central Jail Ropar (18) |
| | | | BIBI SHARAN KAUR KHALSA COLLEGE, SRI CHAMKAUR SAHIB | |
| | 46 | **SUNNY OBEROI VIVEK SADAN ADVANCE INSTITUTE OF SOCIAL SCIENCES, ANANDPUR SAHIB, ROPAR** | - | |

| | | | | |
|---|---|---|---|---|
| Sangrur | 47 | **DESH BHAGAT COLLEGE, BARDWAL (DHURI), SANGRUR** | - | |
| | 48 | **AKAL GROUP OF INSTITUTES, NABHA GATE, SANGRUR** | - | Central Jail Sangrur (19) |
| | 49 | **JASMER SINGH JAIJEE COLLEGE, GURNEY KALAN, SANGRUR** | JASMER SINGH JAIJEE COLLEGE, GURNEY KALAN, SANGRUR<br>SWAMI VIVEKANAND COLLEGE OF EDUCATION, MOONAK SANGRUR | |
| | 50 | **KCT GROUP OF INSTITUTIONS, FATEHGARH, LEHRAGAGA, SANGRUR** | KCT GROUP OF INSTITUTIONS, FATEHGARH, LEHRAGAGA, SANGRUR | |
| | 51 | **S.U.S GOVERNMENT COLLEGE, SUNAM,SANGRUR** | S.U.S GOVERNMENT COLLEGE, SUNAM,SANGRUR | |
| | 52 | **ARYAN GLOBAL COLLEGE OF EDUCATION, PATIALA ROAD SUNAM, SANGRUR** | ARYAN GLOBAL COLLEGE OF EDUCATION, PATIALA ROAD SUNAM, SANGRUR<br>MODERN COLLEGE OF EDUCATION, BIR KALAN, SANGRUR | |
| | 53 | **M AND M COLLEGE OF EDUCATION, VILL., NAGRI, SANGRUR** | - | |
| | 54 | **SHIVAM COLLEGE OF EDUCATION, KHOKHAR KALAN, SANGRUR** | - | |
| Tarn Taran | 55 | **GURU GOBIND SINGH KHALSA COLLEGE, SARHALI, TARN TARAN** | GURU GOBIND SINGH KHALSA COLLEGE, SARHALI, TARN TARAN<br>GURU ARJAN DEV KHALSA COLLEGE, CHOHLA SAHIB, TARN-TARAN<br>PUNJAB COLLEGE OF LAW, VILL., USMA, TARN-TARAN<br>SRI GURU ANGAD DEV COLLEGE KHADUR SAHIB, TARN-TARAN<br>MATA GANGA GIRLS COLLEGE, TARN-TARAN | Central Jail Goindwal Sahib (20) |

(1-6 Pages)

26/11/25

Controller of Examinations
Jagat Guru Nanak Dev
Punjab State Open University
Patiala

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ ,ਪਟਿਆਲਾ
(Established by Act No.19 of 2019 of Legislature of the State of Punjab)

ਕੰਟਰੋਲਰ ਪ੍ਰੀਖਿਆਵਾਂ

---

Ref.No/ PSOU/ COE/ 1604 ਮਿਤੀ : 19/11/2025

ਵੱਲ
ਸਮੂਹ ਪ੍ਰਿੰਸੀਪਲ ਸਾਹਿਬਾਨ (ਪ੍ਰੀਖਿਆ ਕੇਂਦਰ)/
ਸਮੂਹ ਕੋਆਰਡੀਨੇਟਰ (ਯੂਨੀਵਰਸਿਟੀ ਸਕੂਲ)
ਪੰਜਾਬ ।

ਵਿਸ਼ਾ:- **ਯੂਨੀਵਰਸਿਟੀ ਪ੍ਰੀਖਿਆਵਾਂ (ਦਸੰਬਰ-25/ਜਨਵਰੀ-26) ਸਬੰਧੀ Regular ਅਤੇ Reappear Students (all previous Admission Cycles) ਦੇ ਸਰਟੀਫਿਕੇਟ/ਡਿਪਲੋਮਾ/ਡਿਗਰੀ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਦੀ Assessment (Internal/External) ਅਪਲੋਡ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਰਟੀਫਿਕੇਟ/ਡਿਪਲੋਮਾ/ਡਿਗਰੀ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਦੀਆਂ ਯੂਨੀਵਰਸਿਟੀ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ **ਮਿਤੀ 02-12-2025** ਅਤੇ ਥਿਊਰੀ ਪ੍ਰੀਖਿਆਵਾਂ **ਮਿਤੀ 06-01-2026 ਤੋਂ** ਕੰਡਕਟ ਕੀਤੀਆਂ ਜਾ ਰਹੀਆਂ ਹਨ।

ਸਮੂਹ (LSC)/ਯੂਨੀਵਰਸਿਟੀ ਸਕੂਲਾਂ ਦੇ ਕੋਆਰਡਨੇਟਰਾਂ/ਫੈਕਲਟੀ ਮੈਂਬਰਾਂ ਵਲੋਂ ਸਬੰਧਤ ਵਿਦਿਆਰਥੀਆਂ (Regular & Reappear) ਦੀ Assessment ਯੂਨੀਵਰਸਿਟੀ ਦੇ ਵੈਬਲਿੰਕ ਤੇ ਹੇਠ ਲਿਖੀਆਂ ਮਿਤੀਆਂ ਮੁਤਾਬਕ ਅਪਲੋਡ ਕਰਨੀ ਯਕੀਨੀ ਬਣਾਈ ਜਾਵੇ:

| Type of Assessment | Related to Exam | Weblink for uploading marks | Exam Dates | Date for Uploading Marks |
|---|---|---|---|---|
| Internal & External Assessment Marks | Practical **(Regular & Reappear)** | University Faculty login **(for University Students)** | Practical Exam Starting from **02-12-2025** | **02-12-2025 To 12-12-2025** |
| | | https://centre.psou.ac.in/Centre **(for College (LSC) Students)** | | |

| Type of Assessment | Related to Exam | Weblink for uploading marks | Exam Dates | Date for Uploading Marks |
|---|---|---|---|---|
| External Assessment Marks | Theory **(Regular & Reappear)** | University Faculty login **(for University Students)** | Theory Exam Starting from **06-01-2026** | **02-12-2025 To 12-01-2026** |
| | | https://centre.psou.ac.in/Centre **(for College (LSC) Students)** | | |

ਨੋਟ:
1) ਪ੍ਰੀਖਿਆਵਾਂ ਦਸੰਬਰ-25/ਜਨਵਰੀ-26 ਸਬੰਧੀ Regular & Reappear ਵਿਦਿਆਰਥੀਆਂ ਦੀ Assessment (Internal/External) ਅਪਲੋਡ ਕਰਨ ਸਬੰਧੀ ਉਕਤ ਨਿਰਧਾਰਿਤ ਮਿਤੀਆਂ ਤੋਂ ਬਾਅਦ ਯੂਨੀਵਰਸਿਟੀ ਪੋਰਟਲ Lock ਕਰ ਦਿੱਤਾ ਜਾਵੇਗਾ।
2) Director (CITS) ਵੱਲੋਂ ਉਕਤ ਦਰਸਾਏ ਟੇਬਲ ਵਿੱਚ Assessment (Internal/External) ਅਪਲੋਡ ਕਰਨ ਸਬੰਧੀ ਨਿਰਧਾਰਿਤ ਮਿਤੀਆਂ ਅਨੁਸਾਰ ਪੋਰਟਲ Open ਕਰ ਦਿੱਤਾ ਜਾਵੇ ਜੀ।

19/11/25
**ਕੰਟਰੋਲਰ ਪ੍ਰੀਖਿਆਵਾਂ**
AK

**ਉਤਾਰਾ:**

1. ਡੀਨ ਅਕਾਦਮਿਕ ਮਾਮਲੇ
2. ਡਾਇਰੈਕਟਰ – LSC
3. ਡਾਇਰੈਕਟਰ – CITS
4. ਕੰਟਰੋਲਰ ਪ੍ਰੀਖਿਆਵਾਂ
5. ਸਮੂਹ ਯੂਨੀਵਰਸਿਟੀ ਫੈਕਲਟੀ/LSC ਕੋਆਰਡੀਨੇਟਰ
6. ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਅਤੇ website ਤੇ ਅਪਲੋਡ ਕਰਨ ਸਬੰਧੀ।